# BUDHA DAL PUBLIC SCHOOL PATIALA
## First Term Examination (18 September 2023)

**Class - VII**
**Paper - Punjabi**
**Set - A**

**Time: 3 hrs.** **MM: 80**

**ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।**

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਖੇਡਾਂ ਸਰੀਰਕ ਕਸਰਤ ਦੇ ਨਾਲ-ਨਾਲ ਮਨ-ਪ੍ਰਚਾਵੇ ਦਾ ਵੀ ਇੱਕ ਵਧੀਆ ਸਾਧਨ ਹੈ। ਖੇਡਾਂ ਖੇਡਦੇ ਬੱਚੇ ਖੁੱਲ੍ਹ ਕੇ ਹੱਸਦੇ ਹਨ, ਜਿਸ ਨਾਲ ਉਨ੍ਹ ਦੇ ਮਨ ਵਿੱਚ ਚਾਅ ਪੈਦਾ ਹੁੰਦਾ ਹੈ। ਇਹ ਖੇਡਾਂ ਸਰੀਰ ਰੂਪੀ ਮਸ਼ੀਨ ਲਈ ਤੇਲ ਦਾ ਕੰਮ ਕਰਦੀਆਂ ਹਨ। ਖਿੜਿਆ ਹੋਇਆ ਮਨ ਅਤੇ ਅਰੋਗ ਸਰੀਰ ਆਲ਼ੇ-ਦੁਆਲੇ ਨੂੰ ਵੀ ਤਰੋ-ਤਾਜ਼ਾ ਕਰ ਦਿੰਦੇ ਹਨ। ਖੇਡਾਂ ਖੇਡਣ ਵਾਲੇ ਬੱਚਿਆਂ ਦਾ ਵਿਹਾਰ ਬਾਕੀ ਬੱਚਿਆਂ ਨਾਲੋ ਵੱਖਰਾ ਹੀ ਹੁੰਦਾ ਹੈ। ਚੰਗੇ ਖਿਡਾਰੀਆਂ ਨੂੰ ਵਿਸ਼ਵ ਪੱਧਰ ਦੀ ਪ੍ਰਸਿੱਧੀ ਮਿਲਦੀ ਹੈ। ਬੱਚਿਆਂ ਨੂੰ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ ਤੇ ਸਰੀਰ ਨੂੰ ਅਰੋਗ ਤੇ ਤਾਕਤਵਰ ਬਣਾਉਣਾ ਚਾਹੀਦਾ ਹੈ। ਜਿਸ ਦੇਸ਼ ਦੇ ਨਾਗਰਿਕ ਤੰਦਰੁਸਤ ਹੋਣਗੇ, ਉਹ ਵਿਸ਼ਵ ਪੱਧਰ ਤੇ ਤਰੱਕੀ ਕਰੇਗੇ।

ੳ) ਖੇਡਾਂ ਸਰੀਰਕ ਕਸਰਤ ਦੇ ਨਾਲ-ਨਾਲ ਕਿਸ ਦਾ ਵਧੀਆ ਸਾਧਨ ਹਨ?
ਅ) ਖੇਡਾਂ ਸਰੀਰ ਰੂਪੀ ਮਸ਼ੀਨ ਲਈ ਕੀ ਕੰਮ ਕਰਦੀਆਂ ਹਨ?
ੲ) ਬੱਚੇ ਕਦੋਂ ਖੁੱਲ੍ਹ ਕੇ ਹੱਸਦੇ ਹਨ?
ਸ) ਕਿਹੜੇ ਖਿਡਾਰੀ ਵਿਸ਼ਵ ਪੱਧਰ ਤੇ ਤਰੱਕੀਂ ਹਾਸਲ ਕਰਦੇ ਹਨ?
ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਪਾਠ ਪੁਸਤਕਾਂ ਤੇ ਅਧਾਰਿਤ**

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** **(1×6=6)**

ੳ) ਰੁੱਖ ਆਪਣਾ ਸ਼ਿੰਗਾਰ ਕਿਵੇਂ ਕਰਦੇ ਹਨ?
ਅ) ਬੁੱਢੀ ਮਾਈ ਅਕਸਰ ਕਿੱਥੇ ਬੈਠਦੀ ਸੀ?
ੲ) ਬਾਤ ਵਿਚਲਾ ਰਾਜਾ ਕਿਸ ਤਰ੍ਹਾਂ ਦਾ ਸੀ?
ਸ) ਦੁਸ਼ਮਣ ਤੋਂ ਭਾਰਤ ਦੀ ਤਾਕਤ ਦਾ ਕੀ ਨਹੀਂ ਹੁੰਦਾ?
ਹ) ਕਾਮਾਗਾਟਾਮਾਰੂ ਵਾਲੀ ਘਟਨਾ ਦੀ ਤਸਵੀਰ ਬਣਾਉਣ ਨੂੰ ਕਿੰਨਾ ਸਮਾਂ ਲੱਗਿਆ?
ਕ) ਅਫ਼ਸਰ ਕਿਹੜੇ ਮਹਿਕਮੇ ਵਿੱਚੋਂ ਰਿਟਾਇਰ ਹੋਇਆ ਸੀ?
ਖ) ਪਿੱਪਲ ਦੀ ਪੂਜਾ ਕੌਣ ਕਰ ਰਿਹਾ ਸੀ?

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਅੱਠ)** **(8×2=16)**

ੳ) ਲੋਕ ਬੁੱਢੀ ਮਾਈ ਦਾ ਸਤਿਕਾਰ ਕਿਸ ਤਰ੍ਹਾਂ ਕਰਦੇ ਸਨ?
ਅ) ਭਾਰਤ ਦੀ ਸੈਨਿਕ ਸ਼ਕਤੀ ਕਿਸ ਤਰ੍ਹਾਂ ਦੀ ਹੈ?
ੲ) ਬਿਮਾਰ ਰਾਜ ਕੁਮਾਰ ਨੂੰ ਹਕੀਮ ਨੇ ਕਿਸ ਤਰ੍ਹਾਂ ਠੀਕ ਕੀਤਾ?
ਸ) ਜਰਨੈਲ ਸਿੰਘ ਦੇ ਪਿਤਾ ਜੀ ਕੌਣ ਸਨ ਤੇ ਉਹਨਾਂ ਨੂੰ ਕਿਸ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਤੇ ਕਿਉਂ?
ਹ) ਭਾਰਤ ਦੇ ਆਪਸੀ ਭਾਈਚਾਰੇ ਬਾਰੇ ਕੀ ਕਿਹਾ ਗਿਆ ਹੈ?
ਕ) ਮਨੋਚਕਿਤਸਕ ਨੇ ਰਿਟਾਇਰਡ ਅਫ਼ਸਰ ਦਾ ਕਿਸ ਤਰ੍ਹਾਂ ਇਲਾਜ ਕੀਤਾ?

A - 1

Scanned by Scanner Go

ਖ) ਪੰਛੀਆਂ ਦੇ ਰੈਣ ਬਸੇਰਾ ਕਰਨ ਨਾਲ ਚਾਰ-ਚੁਫ਼ੇਰੇ ਤੇ ਕੀ ਪ੍ਰਭਾਵ ਪੈਂਦਾ ਹੈ ਅਤੇ ਰੁੱਖਾਂ ਤੇ ਕੁਹਾੜੇ ਫਿਰਨ ਨਾਲ ਕੀ ਹੋ ਜਾਂਦਾ ਹੈ?

ਗ) ਜਰਨੈਲ ਸਿੰਘ ਦੇ ਚਿੱਤਰਕਾਰੀ ਬਾਰੇ ਕੀ ਵਿਚਾਰ ਹੈ? ਆਪਣੇ ਵਿਚਾਰ ਲਿਖੋ।

ਘ) ਬੁੱਢੀ ਮਾਈ ਦੇ ਪੰਡਤਾਂ ਪ੍ਰਤੀ ਕੀ ਵਿਚਾਰ ਸਨ?

## ਨੈਤਿਕ ਕਦਰਾਂ ਕੀਮਤਾਂ ਤੇ ਅਧਾਰਿਤ ਪ੍ਰਸ਼ਨ

4) 'ਰੁੱਖ ਦੀ ਸਾਡੀ ਜ਼ਿੰਦਗੀ ਵਿੱਚ ਕੀ ਮਹੱਤਤਾ ਹੈ?' ਆਪਣੇ ਵਿਚਾਰ ਲਿਖੋ। (5)

**5) ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ:** (4)

1. ਕਦੇ-ਕਦੇ ਉਹ ਮੈਨੂੰ ............... ਵਿਚਲੀ ਬੁੱਢੀ ਮਾਈ ਵਾਂਗ ਜਾਪਦੀ।
2. ਚਰਖਾ ਕੱਤਦੀ ਮੁਟਿਆਰ ਦਾ ਚਿੱਤਰ ............... ਦੇ ਚੱਲਦੇ ਰਹਿਣ ਦਾ ਪ੍ਰਤੀਕ ਹੈ।
3. ਇੱਕ ਬੜਾ ............... ਸੀਨੀਅਰ ਅਫ਼ਸਰ ਬਦਲ ਕੇ ਆ ਗਿਆ।
4. ਪੱਛਮੀ ਦੇਸ਼ ਵਿੱਚ ਕਾਫ਼ੀ .................. ਅਤੇ ਸੂਝਵਾਨ ਹਕੀਮ ਰਹਿੰਦਾ ਸੀ।

**6) ਹੇਠ ਲਿਖੇ ਸਹੀ ਵਾਕ ਅੱਗੇ ਸਹੀ ਅਤੇ ਗਲਤ ਵਾਕ ਅੱਗੇ ਗਲਤ ਦਾ ਨਿਸ਼ਾਨ ਲਗਾਓ:** (2)

1. ਜਰਨੈਲ ਸਿੰਘ ਨੇ ਆਪਣੇ ਚਿੱਤਰਾਂ ਵਿੱਚ ਕਨੇਡਾ ਦੇ ਜਨ ਜੀਵਨ ਨੂੰ ਚਿੱਤਰਿਆ ਹੈ।
2. ਜਿਸ ਦਿਨ ਬੀਬੀ ਖੁਸ਼ ਹੁੰਦੀ ਅੰਬਰ ਵੀ ਹੱਸ ਪੈਂਦਾ।
3. ਰਾਜਾ ਦਿਆਲੂ ਸੁਭਾਅ ਦਾ ਸੀ।
4. ਅਫ਼ਸਰ ਰਿਸ਼ਵਤ ਦੇ ਚੁੰਗਲ ਵਿੱਚ ਫਸ ਗਿਆ ਸੀ।

**7) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2)

1. ਕੁਝ ਉਪਾਅ ਕਰੋ, ਮੇਰਾ ਪੁੱਤਰ ਮਰ ਜਾਏਗਾ।    2. "ਤੁਸੀਂ ਕਦੇ ਰਿਸ਼ਵਤ ਲਈ ਕਿ ਨਹੀਂ?"

**8) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (5)

ਨੁਮਾਇਸ਼, ਉਪਕਾਰ, ਬੰਬਲ, ਅਫ਼ਸਰ, ਸੰਵਿਧਾਨ

## ਵਿਆਕਰਨ

**9) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:** (3)

ੳ) ਉਂਗਲ ਕਰਨੀ

ਅ) ਆਈ ਚਲਾਈ ਕਰਨੀ

ੲ) ਈਦ ਦਾ ਚੰਨ ਹੋਣਾ

**10) ਹੇਠ ਲਿਖੇ ਅਖਾਣ ਪੂਰੇ ਕਰੋ:** (2)

ੳ) ਸਹਿਜ ਪਕੇ ਸੋ ....................

ਅ) ਸੱਦੀ ਨਾ ਬੁਲਾਈ, .................

**11) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (2)

ੳ) ਲੱਕੜ ਦੇ ਸੰਦ ਬਣਾਉਣ ਵਾਲਾ –    ਅ) ਫ਼ਲ ਖਾ ਕੇ ਗੁਜ਼ਾਰਾ ਕਰਨ ਵਾਲਾ –

A-2

Scanned by Scanner Go

12) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਅਪ, ਹਮ

13) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਕਾਰੀ, ਈ

14) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2)

ਅਕਲ, ਉੱਦਮ

15) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (2)

ਚਿੱਠੀ, ਮੰਜਾ, ਲੀਰ, ਹਵਾ

16) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)

ਹਿਮਾਲਯ, ਕਾਬਿਲ, ਪ੍ਰਲੋਕ, ਸਧਾਰਣ

17) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (1)

ਬੱਚੇ ਆਪਸ ਵਿੱਚ ਮਿਲ ਕੇ ਖੇਡ ਰਹੇ ਹਨ।

18) ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (2)

ੳ) ਸੁਮਨ ਹੁਸ਼ਿਆਰ ਕੁੜੀ ਹੈ।

ਅ) ਖੀਰ ਸੁਆਦ ਹੈ।

19) ਹੇਠ ਲਿਖੇ ਵਾਕ ਵਿੱਚ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (1)

ਅਫ਼ਸੋਸ ਮੈਂ ਤੁਹਾਡੀ ਮਦਦ ਨਹੀਂ ਕਰ ਸਕਦਾ

## ਲਿਖਣ-ਕੌਸ਼ਲ

20) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (8)

**ਸ੍ਰੀ ਗੁਰੂ ਅਰਜਨ ਦੇਵ ਜੀ**

ਨੁਕਤੇ -

ਜਾਣ-ਪਛਾਣ, ਜਨਮ ਅਤੇ ਬਚਪਨ, ਵਿਆਹ ਤੇ ਬੱਚੇ, ਗੁਰਗੱਦੀ ਮਿਲਣੀ, ਹਰਿਮੰਦਰ ਸਾਹਿਬ ਦੀ ਉਸਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਨਵੇਂ ਸ਼ਹਿਰ ਵਸਾਉਣੇ, ਸ਼ਹੀਦੀ, ਜੋਤੀ-ਜੋਤ ਸਮਾਉਣਾ।

**ਜਾਂ**

**ਵਿਗਿਆਨ ਦੇ ਲਾਭ ਹਾਨੀਆਂ**

ਨੁਕਤੇ -

ਭੂਮਿਕਾ, ਬਿਜਲੀ ਦੀ ਕਾਢ, ਆਵਾਜਾਈ ਅਤੇ ਸੰਚਾਰ ਦੇ ਸਾਧਨ, ਮਨੋਰੰਜਨ ਦਾ ਸਾਧਨ, ਡਾਕਟਰੀ ਵਿਗਿਆਨ, ਖੇਤੀ-ਬਾੜੀ ਵਿੱਚ ਲਾਭ, ਕੰਪਿਊਟਰ ਦੀ ਕਾਢ, ਅੰਧ ਵਿਸ਼ਵਾਸ ਦਾ ਖ਼ਾਤਮਾ, ਨੁਕਸਾਨ, ਸਾਰੰਸ਼।

21) ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਇੱਕ ਪੱਤਰ ਲਿਖੋ। (6)

ੳ) ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਜ਼ੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਚਾਚਾ ਜੀ ਨੂੰ ਜਨਮਦਿਨ ਤੇ ਭੇਜੇ ਤੋਹਫ਼ੇ ਲਈ ਧੰਨਵਾਦ ਪੱਤਰ ਲਿਖੋ।



Scanned by Scanner Go

**BUDHA DAL PUBLIC SCHOOL PATIALA**
**First Term Examination (18 September 2023)**
**Class - VII**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

**ਪੜ੍ਹਨ-ਕੌਸ਼ਲ**

**1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਧਰਤੀ ਸਾਡੇ ਜੀਵਨ ਦਾ ਮੂਲ ਅਧਾਰ ਹੈ। ਧਰਤੀ ਨੂੰ 'ਪ੍ਰਿਥਵੀ' ਵੀ ਆਖਦੇ ਹਨ। ਇਸ ਤੋਂ ਸਾਨੂੰ ਬਹੁਤ ਕੁਝ ਪ੍ਰਾਪਤ ਹੁੰਦਾ ਹੈ। ਇਸ ਤੋਂ ਹੀ ਸਾਨੂੰ ਭੋਜਨ ਅਤੇ ਕੱਪੜੇ ਪ੍ਰਾਪਤ ਹੁੰਦੇ ਹਨ। ਇਸ ਦੇ ਅੰਦਰ ਸੋਨਾ, ਚਾਂਦੀ, ਹੀਰੇ, ਮਾਣਕ ਅਤੇ ਵੱਡਮੁੱਲੇ ਰਤਨਾਂ ਦੇ ਭੰਡਾਰ ਛਿਪੇ ਹੋਏ ਹਨ। ਇਸ ਲਈ ਇਸ ਨੂੰ 'ਰਤਨਗਰਭਾ' ਵੀ ਆਖਿਆ ਜਾਂਦਾ ਹੈ। ਧਰਤੀ ਆਪਣੇ ਧੁਰੇ ਦੁਆਲੇ ਲਾਟੂ ਵਾਂਗ ਘੁੰਮਦੀ ਹੋਈ ਸੂਰਜ ਦੀ ਪਰਕਰਮਾ ਕਰਦੀ ਰਹਿੰਦੀ ਹੈ। ਧਰਤੀ ਦੇ ਘੁੰਮਣ ਦੇ ਕਾਰਨ ਹੀ ਦਿਨ ਬਣਦੇ ਹਨ। ਇਸ ਦੇ ਦੁਆਰਾ ਸੂਰਜ ਦੀ ਪਰਕਰਮਾ ਕਰਨ ਦੇ ਕਾਰਨ ਰੁੱਤਾਂ ਬਦਲਦੀਆਂ ਹਨ। ਧਰਤੀ ਸੋਲਾਂ-ਸੌ ਕਿਲੋਮੀਟਰ ਪ੍ਰਤੀ ਘੰਟਾ ਤੋਂ ਵੀ ਵੱਧ ਗਤੀ ਨਾਲ ਆਪਣੇ ਧੁਰੇ 'ਤੇ ਘੁੰਮਦੀ ਰਹਿੰਦੀ ਹੈ।

ੳ) ਧਰਤੀ ਸਾਡੇ ਜੀਵਨ ਦਾ ਕੀ ਹੈ?
ਅ) ਧਰਤੀ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?
ੲ) ਧਰਤੀ ਅੰਦਰ ਕਿਹੜੇ ਭੰਡਾਰ ਛਿਪੇ ਹੋਏ ਹਨ?
ਸ) ਧਰਤੀ ਕਿਸ ਦੀ ਪਰਕਰਮਾ ਕਰਦੀ ਹੈ?
ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਪਾਠ ਪੁਸਤਕਾਂ ਤੇ ਅਧਾਰਿਤ**

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ। (ਕੋਈ ਛੇ):** (1×6=6)

ੳ) ਰੁੱਖਾਂ ਵਿੱਚੋਂ ਮਾਂ ਦਾ ਕਿਸ ਤਰ੍ਹਾਂ ਦਾ ਪ੍ਰਭਾਵ ਮਿਲਦਾ ਹੈ?
ਅ) ਬੀਬੀ ਨੂੰ ਵਧੇਰੇ ਚਿੰਤਾ ਕਿਸ ਦੀ ਸੀ?
ੲ) ਰਾਜੇ ਦਾ ਪੁੱਤਰ ਕਿਸ ਦੀ ਘਾਟ ਕਾਰਨ ਬਿਮਾਰ ਸੀ?
ਸ) ਅਸੀਂ ਕਿੱਥੋਂ ਚੱਲ ਕੇ ਕਿੱਥੇ ਪਹੁੰਚੇ ਹਾਂ?
ਹ) ਜਰਨੈਲ ਸਿੰਘ ਕਿਸ ਕਲਾ ਦਾ ਮਾਹਰ ਸੀ?
ਕ) ਅਫ਼ਸਰ ਨੇ ਕਿੰਨੀ ਰਿਸ਼ਵਤ ਲਈ?
ਖ) ਭਾਰਤ ਨੂੰ ਗਰਮੀ ਅਤੇ ਠੰਢ ਕੌਣ ਦਿੰਦਾ ਹੈ?

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਸਤਰਾਂ ਵਿੱਚ ਦਿਓ: (ਕੋਈ ਅੱਠ)** (8×2=16)

ੳ) ਭਾਰਤ ਦੀ ਸ਼ਾਨ ਨਿਰਾਲੀ ਕਿਵੇਂ ਹੈ?
ਅ) ਹਕੀਮ ਨੇ ਰਾਜੇ ਨੂੰ ਕੀ ਲੱਭਣ ਲਈ ਕਿਹਾ?
ੲ) ਜਰਨੈਲ ਸਿੰਘ ਕਨੇਡਾ ਕਦੋਂ ਗਏ ਤੇ ਉੱਥੇ ਉਹਨਾਂ ਨੇ ਕੀ ਸਥਾਪਿਤ ਕੀਤਾ?
ਸ) ਪੰਡਤਾਂ ਪ੍ਰਤੀ ਬੁੱਢੀ ਮਾਈ ਦੀ ਕੀ ਸੋਚ ਸੀ?
ਹ) ਰਿਟਾਇਰਡ ਅਫ਼ਸਰ ਨੂੰ ਕਿਸ ਗੱਲ ਦੀ ਚਿੰਤਾ ਸੀ?

B-1

Scanned by Scanner Go

ਕ) ਰਾਗ ਕੌਣ ਸੁਣਾਉਂਦਾ ਹੈ ਅਤੇ ਮਨ ਨੂੰ ਸ਼ਾਂਤੀ ਕਿਵੇਂ ਮਿਲਤੀ ਹੈ?

ਖ) ਬੁੱਢੀ ਮਾਈ ਦਾ ਔਰਤਾਂ ਅਤੇ ਬੱਚਿਆਂ ਪ੍ਰਤੀ ਕਿਹੋ ਜਿਹਾ ਨਜ਼ਰੀਆ ਸੀ?

ਗ) ਰਾਜੇ ਦੇ ਸੁਭਾਅ ਬਾਰੇ ਲਿਖੋ।

ਘ) ਜਰਨੈਲ ਸਿੰਘ ਦੇ ਪਿਤਾ ਜੀ ਕੌਣ ਸਨ ਅਤੇ ਉਹਨਾਂ ਨੂੰ ਕਿਸ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਤੇ ਕਿਉਂ?

**ਨੈਤਿਕ ਕਦਰਾਂ ਕੀਮਤਾਂ ਤੇ ਅਧਾਰਿਤ ਪ੍ਰਸ਼ਨ**

4) 'ਰੁੱਖਾਂ ਦੀ ਸਾਡੀ ਜ਼ਿੰਦਗੀ ਵਿੱਚ ਕੀ ਅਹਿਮੀਅਤ ਹੈ?' ਆਪਣੇ ਵਿਚਾਰ ਲਿਖੋ। (5)

**5) ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ:** (4)

1. ਬੁੱਢੀ ਮਾਈ ਗਲੀ ਵਿੱਚ ਨਿੱਕੀ ਜਿਹੀ ................ ਤੇ ਬੈਠੀ ਨਜ਼ਰ ਆਉਂਦੀ।
2. ਉਹ ਗੋਲੀ ਦੇ ............. ਵਿੱਚ ਫਸ ਗਿਆ ਹੈ।
3. ਰਾਜਕੁਮਾਰ ਨੂੰ ਜਲਦੀ ਉਹਨਾਂ ............... ਹੇਠ ਲਿਜਾਇਆ ਜਾਵੇ।
4. ............. 'ਚ ਖੜਾ ਕਿੱਕਰ ਦਾ ਰੁੱਖ ਜੀਵਨ ਵਿੱਚ ਪਸਰੀ ਇੱਕਲਤਾ ਦਾ ਪ੍ਰਤੀਕ ਹੈ।

**6) ਹੇਠ ਲਿਖੇ ਸਹੀ ਵਾਕ ਅੱਗੇ ਸਹੀ ਅਤੇ ਗਲਤ ਵਾਕ ਅੱਗੇ ਗਲਤ ਦਾ ਨਿਸ਼ਾਨ ਲਗਾਓ:** (2)

1. ਮੰਜੀ ਤੇ ਬੈਠੀ ਬੁੱਢੀ ਪ੍ਰਚਾਰਕ ਦਾ ਰੂਪ ਧਾਰ ਲੈਂਦੀ ਪ੍ਰਤੀਤ ਹੁੰਦੀ।
2. ਜਰਨੈਲ ਸਿੰਘ ਦੇ ਪਿਤਾ ਜੀ ਅਧਿਆਪਕ ਸਨ।
3. ਬੰਟੀ ਦੇ ਨਾਨਾ ਜੀ ਬਰਗਦ ਦੇ ਰੁੱਖ ਦੀ ਪੂਜਾ ਕਰ ਰਹੇ ਸਨ।
4. ਪੋਰਸ ਦੀ ਫੋਰਸ ਦੇਖ ਕੇ ਸਿਕੰਦਰ ਵੀ ਕੰਬ ਗਿਆ।

**7) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ:** (2)

1. ਉਸ ਦਾ ਇੱਕ ਹੀ ਪੁੱਤਰ ਸੀ ਤੇਰੇ ਜਿੱਡਾ। 2. ਰੋਵੋ ਨਾ ਭਾਈ ਸਾਹਿਬ, ਤੁਸੀਂ ਬਹੁਤ ਜਲਦ ਠੀਕ ਹੋ ਜਾਵੋਗੇ।

**8) ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** (5)

ਗੌਰਵਮਈ, ਸ਼ਤਰੰਜ, ਇਲਾਜ, ਭਾਰਤ, ਮਹਿਕ

**ਵਿਆਕਰਨ**

**9) ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**

ੳ) ਉੱਲੂ ਬਣਾਉਣਾ (3)

ਅ) ਅੱਖਾਂ ਫੇਰ ਲੈਣਾ

ੲ) ਅੱਜ ਕੱਲ੍ਹ ਕਰਨਾ

**10) ਹੇਠ ਲਿਖੇ ਅਖਾਣ ਪੂਰੇ ਕਰੋ:** (2)

ੳ) ਇੱਟ ਚੁੱਕਦੇ ਨੂੰ ................

ਅ) ਅਸਮਾਨ ਤੇ ਥੁੱਕਿਆ ................

**11) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (2)

ੳ) ਜੋ ਪੈਦਲ ਸਫ਼ਰ ਕਰੇ – ਅ) ਚੰਗੇ ਆਚਰਨ ਵਾਲਾ ਵਿਅਕਤੀ –

B-2

Scanned by Scanner Go

12) ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਅਣ, ਕਮ

13) ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ: (2)

ਕਾਰ, ੳੂ

14) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2)

ਉਲਟ, ਆਦਰ

15) ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ: (2)

ਬੇਰੀ, ਪੱਤਾ, ਅੱਖ, ਵਸਤੂ

16) ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)

ਸ਼ਾਮਿਲ, ਕ੍ਰਿਆ, ਗਰੰਥ, ਰੌਨਕ

17) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (1)

ਅੱਜ ਜਮਾਤ ਵਿੱਚ ਕੌਣ ਗੈਰ-ਹਾਜ਼ਰ ਹੈ?

18) ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ: (2)

ੳ) ਖੇਤ ਵਿੱਚ ਪੰਜ ਮਜ਼ਦੂਰ ਕੰਮ ਕਰ ਰਹੇ ਹਨ।

ਅ) ਤੁਹਾਡੀ ਕਾਰ ਸੁਹਣੀ ਹੈ।

19) ਹੇਠ ਲਿਖੇ ਵਾਕ ਵਿੱਚ ਲੋੜੀਦੇਂ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ: (1)

ਬਗੀਚੇ ਚ ਰੰਗਦਾਰ ਫੁੱਲ ਲੱਗੇ ਹੋਏ ਹਨ

## ਲਿਖਣ-ਕੌਸ਼ਲ

**20) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਸ਼ਹੀਦ ਭਗਤ ਸਿੰਘ**

ਨੁਕਤੇ -

ਭੂਮਿਕਾ, ਜਨਮ ਤੇ ਮਾਤਾ-ਪਿਤਾ, ਵਿੱਦਿਆ ਪ੍ਰਾਪਤੀ, ਰਾਜਸੀ ਜੀਵਨ ਵਿੱਚ ਦਾਖਲਾ, ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ, ਅਸੈਂਬਲੀ ਵਿੱਚ ਬੰਬ ਸੁੱਟਣਾ, ਮੁਕੱਦਮਾ ਚੱਲਣ ਤੇ ਫਾਂਸੀ ਦੀ ਸਜ਼ਾ, ਸ਼ਹੀਦੀ।

**ਜਾਂ**

**ਵਿਗਿਆਨ ਦੇ ਲਾਭ ਹਾਨੀਆਂ**

ਨੁਕਤੇ -

ਭੂਮਿਕਾ, ਬਿਜਲੀ ਦੀ ਕਾਢ, ਆਵਾਜਾਈ ਅਤੇ ਸੰਚਾਰ ਦੇ ਸਾਧਨ, ਮਨੋਰੰਜਨ ਦਾ ਸਾਧਨ, ਡਾਕਟਰੀ ਵਿਗਿਆਨ, ਖੇਤੀ-ਬਾੜੀ ਵਿੱਚ ਲਾਭ, ਕੰਪਿਊਟਰ ਦੀ ਕਾਢ, ਅੰਧ ਵਿਸ਼ਵਾਸ ਦਾ ਖ਼ਾਤਮਾ, ਨੁਕਸਾਨ, ਸਾਰੰਸ਼।

**21) ਹੇਠ ਲਿਖੇ ਵਿਸ਼ਿਆਂ ਵਿੱਚੋਂ ਕੋਈ ਇੱਕ ਪੱਤਰ ਲਿਖੋ।** (6)

**ਅ)** ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।

**ਜਾਂ**

ਆਪਣੇ ਭੈਣ ਦੇ ਵਿਆਹ ਤੇ ਬੁਲਾਉਣ ਲਈ ਆਪਣੇ ਮਿੱਤਰ/ਸਹੇਲੀ ਨੂੰ ਸੱਦਾ ਪੱਤਰ ਲਿਖੋ।

B-3

Scanned by Scanner Go